
ਮਹੱਤਵਪੂਰਨ: ਪਾਵਰ ਡਾਊਨ ਸੰਵੇਦਨਸ਼ੀਲ ਉਪਕਰਨ

ਸਮੱਸਿਆਵਾਂ ਤੋਂ **ਬਚਣ** ਲਈ **ਬੋਆਇਲਰਾਂ** ਨੂੰ ਬੰਦ ਕਰਨ ਤੋਂ **ਪਹਿਲਾਂ** ਉਹਨਾਂ ਨੂੰ ਹਮੇਸ਼ਾ ਠੰਡਾ ਹੋਣ ਦਿਓ



ਬੰਦ ਕਰਨ ਲਈ ਉਪਕਰਨਾਂ 'ਤੇ ਖਪਤਕਾਰ ਨਿਯੰਤਰਣਾਂ ਦੀ ਵਰਤੋਂ ਕਰੋ।
ਬੋਆਇਲਰ - ਯੂਨਿਟ 'ਤੇ ਬੰਦ ਕਰਨ ਤੋਂ ਪਹਿਲਾਂ ਥਰਮੋਸਟੈਟ ਨੂੰ ਘੱਟ ਤੋਂ ਘੱਟ ਕਰੋ।



ਅੱਗੇ ਸਾਕਟ 'ਤੇ ਬੰਦ ਕਰੋ ਅਤੇ ਜੇਕਰ ਸੰਭਵ ਹੋਵੇ, ਤਾਂ ਕੰਧ ਤੋਂ ਅਨਪਲੱਗ ਕਰੋ।



ਇੱਕ ਵਾਰ ਪਾਵਰ ਮੁੜ-ਬਹਾਲ ਹੋਣ ਤੋਂ ਬਾਅਦ ਡਿਜਿਟਲ ਘੜੀਆਂ/ ਟਾਈਮਰਾਂ ਨੂੰ ਰੀਸੈੱਟ ਕਰਨਾ ਯਾਦ ਰੱਖੋ।

ਰਿਹਾਇਸ਼ੀ ਉਪਕਰਨ

- ਬੋਆਇਲਰ ਅਤੇ ਹੀਟਿੰਗ ਸਿਸਟਮ
- ਟੀ.ਵੀ., ਸੈਟੇਲਾਈਟ/ਡਿਜਿਟਲ ਬਾਕਸ, ਕੰਪਿਊਟਰ, ਲੈਪਟਾਪ
- ਗੇਮਿੰਗ ਕੰਸੋਲ, ਟੈਲੀਫ਼ੋਨ / ਅਲਾਰਮ / ਸੀਸੀਟੀਵੀ
- ਮਾਈਕ੍ਰੋਵੇਵ/ਕੂਕਰ/ਸਫੈਦ ਵਸਤੂਆਂ
- ਜਾਨਵਰਾਂ ਦੀ ਦੇਖਭਾਲ ਲਈ ਉਪਕਰਨ ਜਿਵੇਂ ਕਿ ਪੰਪ, ਹੀਟਿੰਗ
- ਕਿਸੇ ਵੀ ਗੈਰੇਜ ਜਾਂ ਆਊਟਬਿਲਡਿੰਗ ਦੀ ਜਾਂਚ ਕਰਨਾ ਯਾਦ ਰੱਖੋ!

ਵਪਾਰਕ ਉਪਕਰਨ ਸ਼ਾਮਲ ਹੋ ਸਕਦੇ ਹਨ

- ਬੋਆਇਲਰ ਅਤੇ ਹੀਟਿੰਗ ਸਿਸਟਮ
- ਰੈਫ੍ਰਿਜਰੇਸ਼ਨ ਸਿਸਟਮ / ਅਲਾਰਮ / ਸੀਸੀਟੀਵੀ ਸਿਸਟਮ
- ਟੈਲੀਫ਼ੋਨ / ਪ੍ਰਿੰਟਰ / ਸਕੈਨਰ / ਫੈਕਸ ਮਸ਼ੀਨਾਂ
- ਕੰਪਿਊਟਰ, ਲੈਪਟਾਪ, ਟੀ.ਵੀ., ਸੈਟੇਲਾਈਟ/ਡਿਜਿਟਲ ਰਿਸੀਵਰ
- ਕੌਫੀ/ਵੈਂਡਿੰਗ ਮਸ਼ੀਨ, ਮਾਈਕ੍ਰੋਵੇਵ ਅਤੇ ਕੂਕਰ
- ਜਾਨਵਰਾਂ ਦੀ ਦੇਖਭਾਲ ਲਈ ਉਪਕਰਨ ਜਿਵੇਂ ਕਿ ਪੰਪ, ਹੀਟਿੰਗ

ਆਪਣੇ ਇੰਸਟਾਲਰ ਨੂੰ ਸਾਈਟ 'ਤੇ ਕਿਸੇ ਵੀ ਜੀਵਨ ਸਹਾਇਤਾ ਅਤੇ ਮੈਡੀਕਲ ਉਪਕਰਨ ਬਾਰੇ ਦੱਸੋ ਜਾਂ ਜੇ ਤੁਹਾਡਾ ਕੋਈ ਗੁਆਂਢੀ ਤੁਹਾਡੀ ਸਪਲਾਈ ਸਾਂਝੀ ਕਰਦਾ ਹੈ।

ਕਿਰਪਾ ਕਰਕੇ ਇਸਨੂੰ ਇੰਸਟਾਲਰ ਕੋਲ ਵਾਪਸ ਭੇਜੋ।

ਮਹੱਤਵਪੂਰਨ: ਗੈਸ ਉਪਕਰਨ

EDF 'ਤੇ ਸੁਰੱਖਿਆ ਸਾਡੀ ਪਹਿਲੀ ਤਰਜੀਹ ਹੁੰਦੀ ਹੈ। ਤੁਹਾਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਲਈ ਅਸੀਂ ਤੁਹਾਡੇ ਸਮਾਰਟ ਮੀਟਰ ਦੀ ਸਥਾਪਨਾ ਦੌਰਾਨ ਤੁਹਾਡੇ ਮੌਜੂਦਾ ਗੈਸ ਉਪਕਰਨਾਂ ਦਾ ਵਿਜ਼ੂਅਲ ਜੋਖਿਮ ਮੁਲਾਂਕਣ ਪੂਰਾ ਕਰਾਂਗੇ।

- ਜੇ ਅਸੀਂ ਕਿਸੇ ਅਸੁਰੱਖਿਅਤ ਸਥਿਤੀ ਦੀ ਪਛਾਣ ਕਰਦੇ ਹਾਂ ਜਾਂ ਜੇਕਰ ਸਾਨੂੰ ਸ਼ੱਕ ਹੈ, ਤਾਂ ਅਸੀਂ ਮੌਜੂਦਾ ਗੈਸ ਉਦਯੋਗ ਅਸੁਰੱਖਿਅਤ ਸਥਿਤੀ ਪ੍ਰਕਿਰਿਆ ਦੇ ਤਹਿਤ ਉਚਿਤ ਕਾਰਵਾਈ ਕਰਾਂਗੇ ਜਿਸ ਵਿੱਚ ਤੁਹਾਡੇ ਉਪਕਰਨ ਨੂੰ ਸੁਰੱਖਿਅਤ ਬਣਾਉਣਾ ਸ਼ਾਮਲ ਹੋ ਸਕਦਾ ਹੈ। ਇਹ ਤੁਹਾਡੀ ਆਪਣੀ ਤੰਦਰੁਸਤੀ ਲਈ ਹੈ ਅਤੇ ਊਰਜਾ ਸਪਲਾਇਰਾਂ ਲਈ ਇੱਕ ਕਾਨੂੰਨੀ ਜ਼ਿੰਮੇਵਾਰੀ ਹੈ।
- ਕਿਰਪਾ ਕਰਕੇ ਆਪਣੇ ਸਮਾਰਟ ਮੀਟਰ ਇੰਸਟਾਲਰ ਨੂੰ ਇਹ ਸਲਾਹ ਦਿਓ ਕਿ ਤੁਹਾਡੇ ਉਪਕਰਨਾਂ ਦੀ ਪਿਛਲੀ ਵਾਰ ਸਰਵਿਸ ਕਦੋਂ ਕੀਤੀ ਗਈ ਸੀ ਅਤੇ ਜੇ ਤੁਸੀਂ ਆਪਣੀ ਜਾਇਦਾਦ ਵਿੱਚ ਕਿਤੇ ਵੀ ਗੈਸ ਦੀ ਗੰਧ ਆਉਂਦੀ ਹੈ।
- ਹੇਠਾਂ ਦਿੱਤੀਆਂ ਤਸਵੀਰਾਂ ਤੁਹਾਡੇ ਕੋਲ ਮੌਜੂਦ ਕਿਸੇ ਵੀ ਉਪਕਰਨ ਦੀ ਪਛਾਣ ਕਰਨ ਵਿੱਚ ਮਦਦ ਕਰ ਸਕਦੀਆਂ ਹਨ। ਤੁਹਾਡੇ ਸਾਰੇ ਗੈਸ ਉਪਕਰਨਾਂ ਨੂੰ ਸ਼ਾਮਲ ਕਰਨਾ ਮਹੱਤਵਪੂਰਨ ਹੈ, ਭਾਵੇਂ ਤੁਸੀਂ ਉਹਨਾਂ ਦੀ ਵਰਤੋਂ ਕਰਦੇ ਹੋ ਜਾਂ ਨਹੀਂ ਅਤੇ ਭਾਵੇਂ ਉਹ ਹੇਠਾਂ ਨਹੀਂ ਦਿਖਾਏ ਗਏ ਹਨ।



ਗੈਸ ਕੂਕਰ



ਗੈਸ ਦੀ ਅੱਗ



ਖੁੱਲ੍ਹਾ ਫਲੂਡ ਬੋਆਇਲਰ



ਗਰਮ ਏਅਰ ਹੀਟਰ



ਰੂਮ ਸੀਲਬੰਦ ਬੋਆਇਲਰ

ਕਿਰਪਾ ਕਰਕੇ ਇਸਨੂੰ ਇੰਸਟਾਲਰ ਕੋਲ ਵਾਪਸ ਭੇਜੋ।

R545.IH.01.20.V8